# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ :21-12-2025**

ਅਸਾਮ ਦੌਰੇ  ’ਤੇ ਪੁੱਜੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਗੁਹਾਟੀ ਦੇ ਪੱਛਮੀ ਬੋਰਾਗਾਓਂ ਵਿਚ ਸ਼ਹੀਦ ਸਮਾਰਕ ਖੇਤਰ ਦਾ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਅਸਾਮ ਅੰਦੋਲਨ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸ਼੍ਰੀ ਮੋਦੀ ਨੇ ਉੱਤਰ-ਪੂਰਬ ਦੇ ਵਿਕਾਸ ਬਾਰੇ ਆਪਣੇ ਸੰਬੋਧਨ ਵਿਚ ਕਿਹਾ ਕਿ

Byte

ਇਸ ਮਗਰੋਂ ਪ੍ਰਧਾਨ ਮੰਤਰੀ ਸ੍ਰੀ ਮੋਦੀ ਗੁਹਾਟੀ ਵਿੱਚ 'ਪਰੀਕਸ਼ਾ ਪੇ ਚਰਚਾ' ਪ੍ਰੋਗਰਾਮ ਦੇ ਹਿੱਸੇ ਵਜੋਂ ਅਸਾਮ ਦੇ 25 ਹੋਣਹਾਰ ਵਿਦਿਆਰਥੀਆਂ ਨਾਲ ਬ੍ਰਹਮਪੁੱਤਰ ਨਦੀ 'ਤੇ ਇੱਕ ਕਰੂਜ਼ 'ਤੇ ਗੱਲਬਾਤ ਕਰਨਗੇ, ਜਿਹੜਾ ਕਿ ਪ੍ਰੀਖਿਆਵਾਂ ਤੋਂ ਪਹਿਲਾਂ ਵਿਦਿਆਰਥੀਆਂ ਨਾਲ ਪ੍ਰਧਾਨ ਮੰਤਰੀ ਦੀ ਗੱਲਬਾਤ ਦਾ ਵਿਲੱਖਣ ਮੌਕਾ ਹੋਵੇਗਾ।

---------------------------------------------

ਇਲੈਕਟ੍ਰਾਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨੇ ਇੱਕ ਚੇਤਾਵਨੀ

ਜਾਰੀ ਕੀਤੀ ਏ, ਜਿਸ ਵਿੱਚ ਕਿਹਾ ਗਿਆ ਏ ਕਿ ਗੋਸਟਪੇਅਰਿੰਗ ਨਾਂ ਦੀ ਸਾਈਬਰ ਤਕਨੀਕ WhatsApp ਅਕਾਊਂਟਸ ਨੂੰ ਹੈਕ ਕਰਨ ਲਈ ਵਰਤੀ ਜਾ ਰਹੀ ਏ। ਮੰਤਰਾਲੇ ਦੇ ਅਨੁਸਾਰ, ਸਾਈਬਰ ਅਪਰਾਧੀ WhatsApp ਦੇ ਡਿਵਾਈਸ-ਲਿੰਕਿੰਗ ਵਿਸ਼ੇਸ਼ਤਾ ਰਾਹੀਂ ਬਿਨਾਂ ਕਿਸੇ ਤਸਦੀਕ ਦੇ ਪੇਅਰਿੰਗ ਕੋਡ ਦੀ ਵਰਤੋਂ ਕਰ ਕੇ ਅਕਾਊਂਟਸ ਨੂੰ ਹੈਕ ਕਰ ਰਹੇ ਨੇ। ਇਹ ਘੁਟਾਲਾ ਆਮ ਤੌਰ 'ਤੇ ਉਦੋਂ ਸ਼ੁਰੂ ਹੁੰਦਾ ਹੈ ਜਦੋਂ ਕਿਸੇ ਜਾਣੇ-ਪਛਾਣੇ ਨੰਬਰ ਤੋਂ ਕੋਈ ਫੋਟੋ ਅਤੇ ਸੁਨੇਹਾ ਮਿਲਦਾ ਏ, ਜੋ ਇਸ ਨੂੰ ਦੇਖਣ ਲਈ ਕਹਿੰਦਾ ਏ। ਸੁਨੇਹੇ ਵਿੱਚ ਫੇਸਬੁੱਕ ਵਰਗਾ ਲਿੰਕ ਹੁੰਦਾ ਏ ਅਤੇ ਫ਼ੋਨ ਨੰਬਰ ਨੂੰ ਸ਼ਾਮਲ ਕਰਨ ਵਾਲੀ ਤਸਦੀਕ ਪ੍ਰਕਿਰਿਆ ਵੱਲ ਲੈ ਜਾਂਦਾ ਏ। ਮੰਤਰਾਲੇ ਨੇ ਕਿਹਾ ਕਿ ਇਹ ਤਰੀਕਾ ਸਾਈਬਰ ਅਪਰਾਧੀਆਂ ਨੂੰ ਪਾਸਵਰਡ ਜਾਂ ਸਿਮ ਸਵੈਪ ਦੀ ਲੋੜ ਤੋਂ ਬਿਨਾਂ ਪੀੜਤ ਦੇ WhatsApp ਖਾਤੇ ਤੱਕ ਪੂਰੀ ਪਹੁੰਚ ਦਿੰਦਾ ਏ। ਮੰਤਰਾਲੇ ਨੇ ਲੋਕਾਂ ਨੂੰ ਸ਼ੱਕੀ ਲਿੰਕਾਂ 'ਤੇ ਕਲਿੱਕ ਨਾ ਕਰਨ ਅਤੇ ਕਦੇ ਵੀ ਬਾਹਰੀ ਸਾਈਟਾਂ 'ਤੇ ਆਪਣਾ ਫ਼ੋਨ ਨੰਬਰ ਦਰਜ ਨਾ ਕਰਨ ਦੀ ਸਲਾਹ ਦਿੱਤੀ ਏ। --Pool

-------------------------------------------

ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ ਰਿਸ਼ਵਤ ਮਾਮਲੇ ਵਿੱਚ ਇੱਕ ਫੌਜੀ ਅਧਿਕਾਰੀ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਏ।

ਸੀਬੀਆਈ ਨੇ ਦੱਸਿਆ ਕਿ ਫੌਜ ਅਧਿਕਾਰੀ ਲੈਫਟੀਨੈਂਟ ਕਰਨਲ ਦੀਪਕ ਕੁਮਾਰ ਸ਼ਰਮਾ ਦੇ ਦਿੱਲੀ ਸਥਿਤ ਘਰ ਦੀ ਤਲਾਸ਼ੀ ਦੌਰਾਨ 2 ਕਰੋੜ ਰੁਪਏ ਤੋਂ ਵੱਧ ਦੀ ਨਗਦੀ ਦੇ ਨਾਲ 3 ਲੱਖ ਰੁਪਏ ਦੀ ਰਿਸ਼ਵਤ ਦੀ ਰਕਮ ਜ਼ਬਤ ਕੀਤੀ ਗਈ ਏ। ਜਾਂਚ ਏਜੰਸੀ ਨੇ ਰਾਜਸਥਾਨ ਦੇ ਸ੍ਰੀ ਗੰਗਾਨਗਰ ਵਿੱਚ ਵਿਨੋਦ ਕੁਮਾਰ ਦੇ ਘਰ ਵਿੱਚੋਂ 10 ਲੱਖ ਰੁਪਏ ਦੀ ਨਗਦੀ ਅਤੇ ਹੋਰ ਸਮੱਗਰੀ ਬਰਾਮਦ  ਕੀਤੀ। ਬਿਊਰੋ ਨੇ ਦੱਸਿਆ ਕਿ ਰੱਖਿਆ ਉਤਪਾਦਨ ਵਿਭਾਗ ਵਿੱਚ ਤਾਇਨਾਤ ਲੈਫਟੀਨੈਂਟ ਕਰਨਲ ਸ਼ਰਮਾ, ਉਨ੍ਹਾਂ ਦੀ ਪਤਨੀ ਕਰਨਲ ਕਾਜਲ ਬਾਲੀ ਅਤੇ ਰੱਖਿਆ ਉਤਪਾਦਾਂ ਨਾਲ ਸਬੰਧਤ ਦੁਬਈ ਸਥਿਤ ਕੰਪਨੀ ਦੇ ਪ੍ਰਤੀਨਿਧੀਆਂ ਸਮੇਤ ਹੋਰਨਾਂ ਵਿਰੁੱਧ ਮਾਮਲਾ ਦਰਜ ਕੀਤਾ ਏ। ਦੋਵਾਂ ਮੁਲਜ਼ਮਾਂ ਨੂੰ ਅਦਾਲਤ ਨੇ 23 ਦਸੰਬਰ ਤੱਕ ਪੁਲਿਸ ਹਿਰਾਸਤ ਵਿੱਚ ਭੇਜ ਦਿੱਤਾ ਸੀ।

-------------------------------------------

ਫਰੀਦਕੋਟ ਤੋਂ ਵਿਧਾਇਕ ਹਲਕਾ ਗੁਰਦਿੱਤ ਸਿੰਘ ਸੇਖੋਂ ਅਤੇ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਨੇ ਅੱਜ ਫਰੀਦਕੋਟ ਮਾਡਰਨ ਜੇਲ੍ਹ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਕੈਦੀਆਂ  ਨਾਲ ਮੁਲਾਕਾਤ ਕੀਤੀ ਅਤੇ ਮਸਲੇ ਸੁਣੇ। ਇਸ ਦੌਰਾਨ ਕੈਦੀਆਂ ਨੇ ਜ਼ਮਾਨਤ ਨਾਲ ਸਬੰਧਤ ਮਾਮਲਿਆਂ ਅਤੇ ਕੁਝ ਨਿੱਜੀ ਸਮੱਸਿਆਵਾਂ ਬਾਰੇ ਦੱਸਿਆ। ਇਸ ਮੌਕੇ ਵਿਧਾਇਕਾਂ ਸੇਖੋਂ ਤੇ

ਅਮੋਲਕ ਸਿੰਘ ਨੇ ਕਿਹਾ ਕਿ ਜੇਲ੍ਹ ਦੌਰੇ ਦਾ ਮਕਸਦ ਕੈਦੀਆਂ ਦੀਆਂ ਸਮੱਸਿਆਵਾਂ ਨੂੰ ਨੇੜਿਓਂ ਸਮਝਣਾ ਏ, ਤਾਂ ਜੋ ਢੁਕਵੇਂ ਕਦਮ ਚੁੱਕੇ ਜਾ ਸਕਣ |

-----------------------------------------

'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਦੇ 294ਵੇਂ ਦਿਨ ਪੰਜਾਬ ਪੁਲਿਸ ਨੇ ਕੱਲ੍ਹ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਤੱਕ 494 ਥਾਵਾਂ 'ਤੇ ਛਾਪੇਮਾਰੀ ਕੀਤੀ। ਇਸ ਦੌਰਾਨ 153 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਕੇ 132 ਮਾਮਲੇ ਦਰਜ ਕੀਤੇ ਗਏ। ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਕੋਲੋਂ ਵੱਡੀ ਮਿਕਦਾਰ ਵਿਚ ਹੈਰੋਇਨ, ਅਫੀਮ, ਗਾਂਜਾ, ਭੁੱਕੀ ਤੇ ਪਾਬੰਦੀਸ਼ੁਦਾ ਗੋਲੀਆਂ ਗੋਲੀਆਂ/ਕੈਪਸੂਲਾਂ ਤੋਂ ਇਲਾਵਾ ਨਗਦੀ ਵੀ ਬਰਾਮਦ ਕੀਤੀ ਗਈ। ਇਸ ਸਬੰਧ ਵਿਚ ਅਗਲੇਰੀ ਜਾਂਚ ਜਾਰੀ ਏ।

-----------------------------------------

ਮਹਿਲਾ ਕ੍ਰਿਕਟ ਵਿੱਚ ਭਾਰਤ ਅੱਜ ਸ਼੍ਰੀਲੰਕਾ ਖਿਲਾਫ਼ ਪੰਜ twenty-twenty ਮੈਚਾਂ ਦੀ ਲੜੀ ਦਾ ਪਹਿਲਾ ਮੈਚ ਖੇਡੇਗਾ। ਇਹ ਮੈਚ ਵਿਸ਼ਾਖਾਪਟਨਮ ਵਿੱਚ, ਸ਼ਾਮ 7 ਵਜੇ ਸ਼ੁਰੂ ਹੋਵੇਗਾ। ਹਰਮਨਪ੍ਰੀਤ ਕੌਰ ਦੀ ਕਪਤਾਨੀ ਹੇਠ, ਪਹਿਲੇ ਦੋ ਮੈਚ ਵਿਸ਼ਾਖਾਪਟਨਮ ਵਿੱਚ ਅਤੇ

ਆਖਰੀ 3 ਮੈਚ ਤਿਰੂਵਨੰਤਪੁਰਮ ਵਿੱਚ ਖੇਡੇ ਜਾਣਗੇ। ਭਾਰਤੀ ਮਹਿਲਾ ਟੀਮ ਪਿਛਲੇ ਮਹੀਨੇ ਇੱਕ ਦਿਨਾ ਵਿਸ਼ਵ ਕੱਪ ਜਿੱਤਣ ਤੋਂ ਬਾਅਦ ਪਹਿਲੀ ਵਾਰ ਮੈਦਾਨ ਵਿੱਚ ਉਤਰੇਗੀ।

---------------------------------------------